ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

**ਨੰਬਰ** 82474 **ਮਿਤੀ** 23-2-26

**ਪ੍ਰਿੰਸੀਪਲ/ਇੰਚਾਰਜ ਸਾਹਿਬਾਨ,**
**ਸਮੂਹ ਸਕੂਲ ਪ੍ਰਬੰਧ ਅਧੀਨ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ ਸਾਹਿਬ।**

**ਵਿਸ਼ਾ:- ਸਕੂਲਾਂ ਵਿੱਚ 2026-27 ਦੌਰਾਨ ਲਾਗੂ ਕੀਤਾ ਜਾਣ ਵਾਲੇ ਅਕਾਦਮਿਕ ਕੈਲੰਡਰ ਸਬੰਧੀ।**

ਸ੍ਰੀਮਾਨ/ਬੀਬੀ ਜੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੇ ਸਮੂਹ ਸਕੂਲਾਂ ਵਿਖੇ ਸ਼ੈਸ਼ਨ 2026-27 ਦੌਰਾਨ ਲਾਗੂ ਕੀਤਾ ਜਾਣ ਵਾਲਾ ਅਕਾਦਮਿਕ ਕੈਲੰਡਰ ਯੋਗ ਅਤੇ ਲੋੜੀਂਦੀ ਕਾਰਵਾਈ ਕਰਨ/ਕਰਵਾਉਣ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜਿਆ ਜਾ ਰਿਹਾ ਹੈ।

**ਸਹਾਇਕ ਡਾਇਰੈਕਟਰ ਸਕੂਲਜ਼,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ਉਤਾਰਾ:-1. ਦਫਤਰ-ਸਕੱਤਰ ਸਾਹਿਬ (ਵਿੱਦਿਆ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
2. ਮੀਤ ਸਕੱਤਰ ਜੀ (ਵਿੱਦਿਆ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
3. ਇੰਚਾਰਜ ਜੀ(ਵਿੱਦਿਆ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
4. ਮੈਨੇਜਰ ਸਾਹਿਬ, ਗੋਲਡਨ ਆਫ ਸੈੱਟ ਪ੍ਰੈਸ, ਸ੍ਰੀ ਅੰਮ੍ਰਿਤਸਰ ਸਾਹਿਬ-ਪਾਸ ਡਾਇਰੀ ਵਿੱਚ ਛਾਪਣ ਹਿੱਤ।
5. ਦਫਤਰ-ਡਾਇਰੈਕਟਰ ਆਫ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਹਾਦਰਗੜ੍ਹ, (ਪਟਿਆਲਾ)।

# ਅਕਾਦਮਿਕ ਕੈਲੰਡਰ 2026-2027

| ਮਹੀਨਾ | ਹਫ਼ਤਾ | ਗਤੀਵਿਧੀਆਂ |
|---|---|---|
| **ਅਪ੍ਰੈਲ 2026** | ਪਹਿਲਾ ਹਫ਼ਤਾ | ਅਰਦਾਸ ਕਰਨ ਉਪਰੰਤ ਨਵੇਂ ਵਿਦਿਅਕ ਵਰ੍ਹੇ ਦੀ ਸ਼ੁਰੂਆਤ, ਗੁਰਮਤਿ ਟ੍ਰੇਨਿੰਗ ਕੈਂਪ, ਸਕੂਲ ਜਿਸ ਸਖ਼ਸ਼ੀਅਤ ਦੇ ਨਾਮ ਪੁਰ ਹੈ ਉਸ ਬਾਰੇ ਭਾਸ਼ਣ + ਲੇਖ ਗਤੀਵਿਧੀਆਂ |
| | ਦੂਜਾ ਹਫ਼ਤਾ | ਖਾਲਸਾ ਸਾਜਨਾ ਦਿਵਸ ਗਤੀਵਿਧੀਆਂ (ਸਿੱਖ ਰਹਿਤ ਮਰਿਆਦਾ, ਕਕਾਰ ਅਤੇ ਦਸਤਾਰ ਦੀ ਮਹੱਤਤਾ) |
| | ਤੀਜਾ ਹਫ਼ਤਾ | ਵਿਸ਼ਵ ਧਰਤੀ ਦਿਵਸ (ਧਰਤੀ ਹੇਠਲਾ ਪਾਣੀ ਬਚਾਉਣਾ, ਜੰਗਲਾਂ ਦੀ ਕਟਾਈ, ਪਰਾਲੀ ਨਾ ਸਾੜਨ ਸੰਬੰਧੀ ਪੋਸਟਰ ਮੇਕਿੰਗ) |
| | ਚੌਥਾ ਹਫ਼ਤਾ | P.T.M. ਅਤੇ ਵਿਦਿਆਰਥੀਆਂ ਦੇ ਦਾਦਾ-ਦਾਦੀ, ਨਾਨਾ-ਨਾਨੀ ਦਾ ਸਨਮਾਨ ਦਿਵਸ |
| **ਮਈ 2026** | ਪਹਿਲਾ ਹਫ਼ਤਾ | ਮਜ਼ਦੂਰ ਦਿਵਸ (ਨੁੱਕੜ ਨਾਟਕ / ਸਕਿੱਟ ਮੁਕਾਬਲਾ) |
| | ਦੂਜਾ ਹਫ਼ਤਾ | ਮਾਂ ਦਿਵਸ ਨੂੰ ਸਮਰਪਿਤ ਐਕਟੀਵਿਟੀ ( ਮਾਂ ਨਾਲ ਫੋਟੋਗ੍ਰਾਫ , ਕਵਿਤਾ ਮੁਕਾਬਲੇ, ਮਦਰਸ ਮੀਟਿੰਗ M.T.M.) |
| | ਤੀਜਾ ਹਫ਼ਤਾ | ਬੁੱਕ ਕੀਪਿੰਗ ( ਕਾਪੀਆਂ/ਕਿਤਾਬਾਂ ਦੀ ਸਾਂਭ ਸੰਭਾਲ ਸੰਬੰਧੀ ਮੁਕਾਬਲੇ) + ਯੂਨਿਟ ਟੈਸਟ I |
| | ਚੌਥਾ ਹਫ਼ਤਾ | ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਗਤੀਵਿਧੀਆਂ + ਮਾਪੇ ਅਧਿਆਪਕ ਮਿਲਣੀ |
| **ਜੂਨ 2026** | ਗਰਮੀ ਦੀਆਂ ਛੁੱਟੀਆਂ | |
| **ਜੁਲਾਈ 2026** | ਪਹਿਲਾ ਹਫ਼ਤਾ | ਵਣ-ਮਹਾਂ ਉਤਸਵ (ਪੋਸਟਰ ਮੇਕਿੰਗ, ਪੌਦੇ ਲਗਾਉਣੇ, ਕੁਦਰਤ ਬਚਾਉ ਸਲੋਗਨ ਮੁਕਾਬਲੇ ) |
| | ਦੂਜਾ ਹਫ਼ਤਾ | ਵਾਤਾਵਰਨ ਦਿਵਸ + ਗਣਿਤ ਮੇਲਾ(ਪ੍ਰਦਰਸ਼ਨੀ ਗਣਿਤ ਨਾਲ ਸੰਬੰਧਿਤ) |
| | ਤੀਜਾ ਹਫ਼ਤਾ | ਸੁੰਦਰ ਲਿਖਾਈ ਮੁਕਾਬਲੇ (ਹਿੰਦੀ, ਪੰਜਾਬੀ, ਅੰਗਰੇਜ਼ੀ)(ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ) |
| | ਚੌਥਾ ਹਫ਼ਤਾ | ਸਾਇੰਸ ਕੁਇਜ਼ + ਸਾਇੰਸ ਮੇਲਾ (ਪ੍ਰਦਰਸ਼ਨੀ) |
| **ਅਗਸਤ 2026** | ਪਹਿਲਾ ਹਫ਼ਤਾ | ਫਸਟ ਏਡ ਕਿੱਟ ਮੁਕਾਬਲਾ + ਮੈਡੀਕਲ ਕੈਂਪ |
| | ਦੂਜਾ ਹਫ਼ਤਾ | ਪੀਰੀਓਡਿਕ ਟੈਸਟ II + ਸੁਤੰਤਰਤਾ ਦਿਵਸ |
| | ਤੀਜਾ ਹਫ਼ਤਾ | ਕਲਾ ਪ੍ਰਦਰਸ਼ਨੀ (ਵਿਰਾਸਤੀ ਸਮਾਨ ) + (ਹਸਤ ਕਲਾ ਸਬੰਧੀ ਵਿਦਿਆਰਥੀਆਂ ਦੀ ਪ੍ਰਦਰਸ਼ਨੀ ) |
| | ਚੌਥਾ ਹਫ਼ਤਾ | ਰੱਖੜੀ ਮੇਕਿੰਗ ਮੁਕਾਬਲੇ |
| **ਸਤਬੰਰ 2026** | ਪਹਿਲਾ ਹਫ਼ਤਾ | ਅਧਿਆਪਕ ਦਿਵਸ (ਹਰ ਵਿਸ਼ੇ ਦੇ ਅਧਿਆਪਕ ਨਾਲ ਸੰਬੰਧਿਤ 10-12 ਸਤਰਾਂ ਲਿਖਣੀਆਂ + ਆਦਰ ਭਾਵ ਪ੍ਰਗਟ ਕਰਨੇ ਆਦਿ ਗਤੀਵਿਧੀਆਂ + ਸਾਰਾਗੜ੍ਹੀ ਦਿਵਸ (ਫਿਲਮ ਦਿਖਾਉਣੀ ਅਤੇ ਹੋਰ ਗਤੀਵਿਧੀਆਂ ) |
| | ਦੂਜਾ ਹਫ਼ਤਾ | ਪਹਿਲੀ ਟਰਮ ਪੇਪਰ S.A.I |
| | ਤੀਜਾ ਹਫ਼ਤਾ | ਪਹਿਲੀ ਟਰਮ ਪੇਪਰ S.A.I |
| | ਚੌਥਾ ਹਫ਼ਤਾ | ਮਾਤ ਭਾਸ਼ਾ ਦਿਵਸ- ਪੈਂਤੀ ਅੱਖਰੀ ਮੁਕਾਬਲਾ, ਪੰਜਾਬੀ ਵਿਆਕਰਣ ਸੰਬੰਧੀ ਅਤੇ ਸ਼ੁੱਧ ਭਾਸ਼ਾ ਆਚਰਣ ਮੁਕਾਬਲੇ |
| **ਅਕਤੂਬਰ 2026** | ਪਹਿਲਾ ਹਫ਼ਤਾ | ਵਿਸ਼ਵ ਅਧਿਆਪਕ ਦਿਵਸ+ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਤੇ ਆਧਾਰਿਤ ਕੁਵਿਜ਼ + ਲੇਖ+ ਭਾਸ਼ਣ ਮੁਕਾਬਲੇ |
| | ਦੂਜਾ ਹਫ਼ਤਾ | ਇੰਟਰਨੈਸ਼ਨਲ ਵੁਮੈਨ ਦਿਵਸ (ਇਸਤਰੀ ਦੇ ਸਨਮਾਨ ਅਤੇ ਵਿਸ਼ਵ ਦੀਆਂ ਮਹਾਨ ਔਰਤਾਂ ਸੰਬੰਧੀ ਲੈਕਚਰ ਆਦਿ) |
| | ਤੀਜਾ ਹਫ਼ਤਾ | ਵਿਦਿਅਕ ਟੂਰ |
| | ਚੌਥਾ ਹਫ਼ਤਾ | ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨਾਲ ਸੰਬੰਧਿਤ ਗਤੀਵਿਧੀਆਂ |
| **ਨਵੰਬਰ 2026** | ਪਹਿਲਾ ਹਫ਼ਤਾ | ਪੁਰਾਣੇ ਪੰਜਾਬ ਅਤੇ ਨਵੇਂ ਪੰਜਾਬ ਦਾ ਵਰਨਣ ਕਰਦੇ ਹੋਏ ਨਕਸ਼ੇ, ਵਿਰਾਸਤ, ਖੇਤਰਫ਼ਲ, ਭਾਸ਼ਾਵਾਂ ਆਦਿ ਸੰਬੰਧੀ ਗਤੀਵਿਧੀਆਂ + ਬੰਦੀ ਛੋੜ ਦਿਵਸ, ਸਜ਼ਾਵਟ (Decoration), ਸਫ਼ਾਈ , ਦੀਵਾ ਮੇਕਿੰਗ |
| | ਦੂਜਾ ਹਫ਼ਤਾ | ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਥਾਪਨਾ ਦਿਵਸ, ਬਣਤਰ ਅਤੇ ਕਾਰਜਾਂ ਸੰਬੰਧੀ ਲੈਕਚਰ, ਲੇਖ ਆਦਿ ਮੁਕਾਬਲੇ |
| | ਤੀਜਾ ਹਫ਼ਤਾ | ਧਾਰਮਿਕ ਪੇਪਰ |
| | ਚੌਥਾ ਹਫ਼ਤਾ | ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ + ਅੰਤਰ ਸਕੂਲ ਦਸਤਾਰ ਮੁਕਾਬਲੇ + ਖੇਡ ਮੇਲੇ |

| | | |
|---|---|---|
| **ਦਸੰਬਰ 2026** | ਪਹਿਲਾ ਹਫ਼ਤਾ | ਯੂਨਿਟ ਟੈਸਟ III |
| | ਦੂਜਾ ਹਫ਼ਤਾ | ਸ੍ਰੀ ਗੁਰੂ ਤੇਗ ਬਹਾਦਰ ਦੀ ਦੀ ਸ਼ਹਾਦਤ ਨੂੰ ਸਮਰਪਿਤ+ ਚੰਗਾ ਸਲੀਕਾ (ਇੰਟਰ ਕਲਾਸ ਮੁਕਾਬਲਾ) |
| | ਤੀਜਾ ਹਫ਼ਤਾ | ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਚੇਤਨਾ ਮਾਰਚ + ਗੁਰਮਤਿ ਸਮਾਗਮ |
| | ਚੌਥਾ ਹਫ਼ਤਾ | ਸਰਦੀ ਦੀਆਂ ਛੁੱਟੀਆਂ |
| **ਜਨਵਰੀ 2027** | ਪਹਿਲਾ ਹਫ਼ਤਾ | ਪ੍ਰੀ ਬੋਰਡ + ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਗਤੀਵਿਧੀਆਂ |
| | ਦੂਜਾ ਹਫ਼ਤਾ | ਮਾਘੀ ਨਾਲ ਸੰਬੰਧਿਤ ਇਤਿਹਾਸ (40 ਮੁਕਤਿਆਂ ਦਾ ਇਤਿਹਾਸ + ਭਾਸ਼ਣ+ ਲੇਖ ਮੁਕਾਬਲੇ) |
| | ਤੀਜਾ ਹਫ਼ਤਾ | ਗਣਤੰਤਰ ਦਿਵਸ ਨੂੰ ਸਮਰਪਿਤ |
| | ਚੌਥਾ ਹਫ਼ਤਾ | ਅੰਗਰੇਜ਼ੀ ਵਿਆਕਰਨ+ਹਿੰਦੀ ਵਿਆਕਰਨ (ਕੁਵਿਜ਼ ਮੁਕਾਬਲਾ) |
| **ਫਰਵਰੀ 2027** | | ਫਾਈਨਲ ਪੇਪਰ |

ਨੋਟ:-

1. ਜਿਸ ਸ਼ਖਸੀਅਤ ਦੇ ਨਾਮ ਉੱਤੇ ਸਕੂਲ ਦਾ ਨਾਮ ਹੈ, ਉਹਨਾਂ ਨਾਲ ਸਬੰਧਿਤ ਦਿਹਾੜੇ ਨੂੰ ਸਕੂਲ ਦਾ ਫਾਉਂਡੇਸ਼ਨ ਦਿਨ ਵੱਜੋਂ ਮਨਾਇਆ ਜਾਵੇ।
2. ਹਰ ਮਹੀਨੇ ਦੇ ਤੀਸਰੇ ਸ਼ਨਿੱਚਰਵਾਰ ਵਿਦਿਆਰਥੀਆਂ ਦਾ Bag Less Day ਹੋਵੇਗਾ।ਹਰ ਵਿਸ਼ੇ ਦੇ ਅਧਿਆਪਕ ਆਪਣੇ ਆਪਣੇ ਵਿਸ਼ੇ ਨਾਲ ਸੰਬੰਧਿਤ ਐਕਟਿਵੀ ਕਰਵਾਉਣਗੇ।
3. ਹਰੇਕ ਮਹੀਨੇ ਦੇ ਚੌਥੇ ਸ਼ਨੀਵਾਰ ਨੂੰ ਮਾਪੇ ਅਧਿਆਪਕ ਮਿਲਣੀ ਹੋਵੇਗੀ। ਸਕੂਲ ਵਿੱਚ ਕੀਤੀਆਂ ਮੀਟਿੰਗਾਂ ਸਬੰਧੀ ਮੁਕੰਮਲ ਵੇਰਵਾ ਸਕੂਲ ਵਿੱਚ ਮੇਨਟੇਨ ਕੀਤਾ ਜਾਵੇ। ਕੁਝ ਮਾਪਿਆਂ ਦੀ ਮੀਟਿੰਗ ਦੌਰਾਨ ਡਾਇਰੈਕਟੋਰੇਟ ਦਫਤਰ ਦੇ ਕਿਸੇ ਅਧਿਕਾਰੀ ਨਾਲ ਲੋੜ ਅਨੁਸਾਰ ਫੋਨ ਤੇ ਗੱਲਬਾਤ ਕਰਵਾਈ ਜਾਵੇ।ਵੱਧ ਤੋਂ ਵੱਧ ਮਾਪਿਆਂ ਨਾਲ ਪ੍ਰਿੰਸੀਪਲ ਵੱਲੋਂ ਉਸਾਰੂ ਗੱਲਬਾਤ ਕੀਤੀ ਜਾਵੇ।
4. ਉਪਰੋਕਤ ਗਤੀਵਿਧੀਆਂ/ਮੁਕਾਬਲਿਆਂ ਤੋਂ ਇਲਾਵਾ ਸਕੂਲ ਆਪਣੇ ਪੱਧਰ ਤੇ ਵਿਦਿਆਰਥੀਆਂ ਨਾਲ ਜੁੜੀਆਂ ਹੋਰ ਗਤੀਵਿਧੀਆਂ ਵੀ ਕਰਵਾ ਸਕਦੇ ਹਨ।
5. ਅੰਗਰੇਜੀ ਭਾਸ਼ਾ (ਸਕਿਲ ਡਵੈਲਪਮੈਂਟ ਸਬੰਧੀ ਪ੍ਰਸਤਾਵਿਤ ਗਤੀਵਿਧੀਆਂ:-
   English through Art, Book Review exhibition, Newspaper Article model, Grammar rules at a glance,
   Word Formation chart, Dialogue writing chart, Tense clock model, Role-play, Storytelling with props,
   A brief biography of some famous writers and poets, Charts, models/working models-Grammar, Poetry
   Prose, Story, Notice, Paragraph, Application, etc.
   Writing corner (Display the English subject notebooks of the students having good handwriting)
   Development stories from given things or characters,
   See the picture and tell the English name,
   Flash cards, Tongue twisters, Dump charades, Pass the parcel, Time-telling, Simon Says, Riddles,
   Spin and speak, Poetry recitation, Idioms, Mind Maps, Word Antakashari
   Author/Poetry wall (ਚਾਰਟ ਪੇਪਰ ਨੂੰ ਜੋੜ ਕੇ ਇੱਕ ਕੰਧ ਤਿਆਰ ਕਰਵਾਈ ਜਾਵੇ)
6. ਸਾਇੰਸ ਮੇਲੇ ਸਬੰਧੀ ਪ੍ਰਸਤਾਵਿਤ ਗਤੀਵਿਧੀਆਂ:-
   Food, Health and Hygiene
   Transport and Communication
   Natural Farming
   Disaster Management
   Mathematical Modeling and computational Thinking
   Waste Management
   Resources Management
7. ਸ਼ੋਸ਼ਲ ਸਾਇੰਸ ਮੇਲੇ ਸਬੰਧੀ ਪ੍ਰਸਤਾਵਿਤ ਗਤੀਵਿਧੀਆਂ:-
   ਰਾਜ/ਰਾਜਧਾਨੀਆਂ
   ਸਾਰੇ ਮਹਾਂਦੀਪ ਸਬ ਤੋਂ ਵੱਡਾ, ਸਭ ਤੋਂ ਛੋਟਾ ਮਹਾਂਦੀਪ
   ਸਭ ਤੋਂ ਵੱਧ ਅਬਾਦੀ ਵਾਲਾ ਦੇਸ਼/ਰਾਜ, ਸਭ ਤੋਂ ਘੱਟ ਅਬਾਦੀ ਵਾਲਾ ਦੇਸ਼/ਰਾਜ
   ਸਭ ਤੋਂ ਵੱਧ ਸਾਖਰਤਾ ਵਾਲਾ ਦੇਸ਼/ਰਾਜ, ਸਭ ਤੋਂ ਘੱਟ ਸਾਖਰਤਾ ਵਾਲਾ ਦੇਸ਼/ਰਾਜ
   ਪੰਜਾਬ ਦੀਆਂ ਤਹਿਸੀਲਾਂ ਦੇ ਨਾਮ
   ਭਾਰਤ ਵਿੱਚ ਲੋਕ ਸਭਾ ਦੀਆਂ ਸੀਟਾਂ ਦੀ ਸਟੇਟ ਵਾਈਜ਼ ਕੁੱਲ ਗਿਣਤੀ
   ਭਾਰਤ ਵਿੱਚ ਰਾਜ ਸਭਾ ਦੀਆਂ ਸੀਟਾਂ ਦੀ ਕੁੱਲ ਗਿਣਤੀ
   ਪੰਜਾਬ ਵਿੱਚ ਵਿਧਾਨ ਸਭਾ ਦੀਆਂ ਸੀਟਾਂ ਦੀ ਕੁੱਲ ਗਿਣਤੀ
   ਆਦਿ ਮਾਨਵ ਤੋਂ ਲੈ ਕੇ ਹੁਣ ਤੱਕ ਦੀਆਂ ਸਭਿਅਤਾਵਾਂ ਦੇ ਸਫਰ ਦੀਆਂ ਵੀਡੀਓ, ਆਪਣੀ ਆਵਾਜ਼ ਦੇ ਕੇ ਸਮਝਾਓ
   (ਪਹਿਰਾਵਾ, ਬਰਤਨ, ਕਰੰਸੀ,ਕਿੱਤੇ ਦੀ ਤੁਲਨਾਤਮਕ ਵਿਸ਼ਲੇਸ਼ਣ ਦੀ ਵੀਡੀਓ ਲਈ ਫੋਟੋਆਂ ਲੈ ਕੇ ਆਪਣੀ ਅਵਾਜ਼ ਦੇ ਕੇ ਸਮਝਾਓ ਅਤੇ ਪ੍ਰੋਜੈਕਟਰ ਚਲਾ ਕੇ ਦਿਖਾਉ)
   ਵੱਖ-ਵੱਖ ਗੁਰੂ ਸਾਹਿਬਾਨ ਸਮੇਂ ਕਿਹੜਾ ਮੁਗਲ ਬਾਦਸ਼ਾਹ-ਵਿਸਥਾਰ ਵਿੱਚ ਸਮਝਾਓ
   ਗਲੋਬ ਦੀ ਵਰਤੋਂ/ਗਤੀਵਿਧੀਆਂ
   ਗ੍ਰਹਿਆਂ ਬਾਰੇ ਜਾਣਕਾਰੀ

ਵਧੀਆ ਗਰਾਫ਼ /ਚਾਰਟ ਬਣਾਉਣੇ ਅਤੇ ਪੜ੍ਹਨੇ ਆਉਣੇ
ਕੁਲੈਕਸ਼ਨ ਕਰਨਾ ਜਿਵੇਂ ਬੀਜ, ਮਿੱਟੀ, ਖਣਿਜ ਪਦਾਰਥ

8. ਵਿਦਿਆਰਥੀਆਂ ਦੀ ਸ਼ਖਸੀਅਤ ਅਤੇ ਸਰਵਪੱਖੀ ਵਿਕਾਸ ਲਈ ਇਤਹਾਸਿਕ ਦਿਹਾੜਿਆਂ ਅਨੁਸਾਰ ਧਾਰਮਿਕ ਗਤੀਵਿਧੀਆਂ, ਸੁੰਦਰ ਲਿਖਾਈ ਮੁਕਾਬਲੇ, ਸਾਇੰਸ ਨਾਲ ਜੁੜੀਆਂ ਗਤੀਵਿਧੀਆਂ, ਕਹਾਣੀ ਲੇਖਣ ਮੁਕਾਬਲੇ, ਛੋਟੇ ਬੱਚਿਆਂ ਦੇ ਫੈਂਸੀ ਡਰੈੱਸ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਪੁਰਾਤਨ ਲੋਕ ਖੇਡਾਂ, ਗੁਰਮੁੱਖੀ ਪੈਂਤੀ ਅੱਖਰੀ ਅਭਿਆਸ ਅਤੇ ਪੰਜਾਬ ਸੱਭਿਆਚਾਰ ਨਾਲ ਜੁੜੀਆਂ ਗਤੀਵਿਧੀਆਂ ਆਦਿ ਕਰਵਾਈਆਂ ਜਾਣ।
9. ਸੰਸਥਾਵਾਂ, ਇਨ੍ਹਾਂ ਗਤੀਵਿਧੀਆਂ ਨੂੰ ਪ੍ਰਾਇਮਰੀ,ਹਾਈ ਅਤੇ ਸੀਨੀਅਰ ਸੈਕੰਡਰੀ ਕਲਾਸਾਂ ਦੇ ਵਿਦਿਆਰਥੀਆਂ ਲਈ ਵੱਖੋ-ਵੱਖਰਾ ਕਰ ਸਕਦੀਆਂ ਹਨ।
10. ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦੇ ਗੁਰਮਤਿ ਟਰੇਨਿੰਗ ਕੈਂਪ ਦੀ ਤਾਰੀਖ ਬਾਅਦ ਵਿੱਚ ਨੀਯਤ ਕੀਤੀ ਜਾਵੇਗੀ।
11. ਸਮੂਹ ਸਕੂਲ ਵਿਦਿਆਰਥੀਆਂ ਦੇ ਕਵੀਸ਼ਰੀ ਮੁਕਾਬਲੇ ਕਾਵਿ-ਏ-ਸਿੱਖੀ ਦੀ ਤਾਰੀਖ ਬਾਅਦ ਵਿੱਚ ਨੀਯਤ ਕੀਤੀ ਜਾਵੇਗੀ।
12. ਮਹੀਨਾਵਾਰ ਮਾਪੇ ਅਧਿਆਪਕ ਮਿਲਣੀ ਤੇ ਪ੍ਰਦਰਸ਼ਨੀ ਜਿਵੇਂ ਕਿ ਸਾਇੰਸ ਮਾਡਲ,ਚਾਰਟ ਆਰਟ, ਸੱਭਿਆਚਾਰਕ ਆਦਿ ਲਗਾਈ ਜਾਵੇ।

ਉਪਰੋਕਤ ਗਤੀਵਿਧੀਆਂ ਸਬੰਧੀ ਰਿਪੋਰਟ ਸੰਸਥਾ ਪੱਧਰ ਤੇ ਰਿਕਾਰਡ ਲਈ ਰੱਖ ਲਈ ਜਾਵੇ।